# MODEL TEST PAPER
## Trade-Horticulture
## Commercial Crops (073)

### ਭਾਗ-1

1) ਕੋਈ ਦੋ ਪੌਦਿਆਂ ਦੇ ਨਾਮ ਲਿਖੋ, ਜਿਨ੍ਹਾਂ ਦੀਆਂ ਜੜ੍ਹਾਂ ਦੀ ਵਰਤੋਂ ਦਵਾਈਆਂ ਬਨਾਉਣ ਲਈ ਕੀਤੀ ਜਾਂਦੀ ਹੈ?
2) ਲੈਮਨ ਗਰਾਸ ਦਾ ਕਿਹੜਾ ਭਾਗ ਤੇਲ ਕੱਢਣ ਲਈ ਵਰਤਿਆ ਜਾਂਦਾ ਹੈ?
3) ਗੰਡੋਇਆਂ ਦੇ ਵਿਕਾਸ ਲਈ ਕਿੰਨੇ ਤਾਪਮਾਨ ਦੀ ਜਰੂਰਤ ਹੈ?
4) ਬਿਜਾਈ ਤੋਂ ਪਹਿਲਾਂ ਬੀਜਾਂ ਨੂੰ ਕਿਸ ਉੱਲੀਨਾਸ਼ਕ ਦਵਾਈ ਨਾਲ ਸੋਧਿਆ ਜਾਂਦਾ ਹੈ?
5) ਕੇਸਿੰਗ ਮਿਸ਼ਰਣ ਕੀ ਹੁੰਦਾ ਹੈ?
6) ਹਲਦੀ ਨੂੰ ਬੀਜਣ ਦਾ ਢੁੱਕਵਾਂ ਸਮਾਂ ਕਿਹੜਾ ਹੈ?
7) ਜ਼ੀਰੇ ਦੀ ਖੇਤੀ ਲਈ ਕਿਸ ਤਰ੍ਹਾਂ ਦੀ ਭੂਮੀ ਚਾਹੀਦੀ ਹੈ।
8) ਪੰਜਾਬ ਵਿੱਚ ਖੁੰਬਾਂ ਦੀ ਕਿਹੜੀ ਕਿਸਮ ਜਿਆਦਾ ਬੀਜੀ ਜਾਂਦੀ ਹੈ?
9) ਵਰਮੀਕਲਚਰ ਤੋਂ ਕੀ ਭਾਵ ਹੈ?
10) ਖੁੰਬਾਂ ਦੇ ਬੀਜ ਨੂੰ ਕੀ ਕਿਹਾ ਜਾਂਦਾ ਹੈ?

### ਭਾਗ-2

11) ਦਵਾਈਆਂ ਵਾਲੀਆਂ ਫਸਲਾਂ ਤੋਂ ਕੀ ਭਾਵ ਹੈ? ਭਾਰਤ ਵਿੱਚ ਇਨ੍ਹਾਂ ਫਸਲਾਂ ਦਾ ਕੀ ਭਵਿੱਖ ਹੈ?
12) ਤੁਲਸੀ, ਗਲੋ ਅਤੇ ਐਲੋਵੀਰਾ ਦੇ ਕੋਈ ਦੋ-ਦੋ ਉਪਯੋਗ ਲਿਖੋ।
13) ਮਧੂ-ਮੱਖੀਆਂ ਫਸਲਾਂ ਦਾ ਝਾੜ ਵਧਾਉਣ ਵਿੱਚ ਕਿਵੇਂ ਸਹਾਹਿਤਾ ਕਰਦੀਆਂ ਹਨ? ਕੀ ਕਾਰਨ ਹਨ ਕਿ ਮਧੂ-ਮੱਖੀਆਂ ਪਾਲਣ ਦਾ ਧੰਦਾ ਪੰਜਾਬ ਵਿੱਚ ਤੇਜੀ ਨਾਲ ਵੱਧ ਰਿਹਾ ਹੈ ?
14) ਪਨੀਰੀ ਦੁਆਰਾ ਉਗਾਈਆਂ ਜਾਣ ਵਾਲੀਆਂ ਕੋਈ ਦੋ ਵਪਾਰਕ ਫਸਲਾਂ ਦੇ ਨਾਮ ਲਿਖੋ। ਨਿਰੋਗ ਅਤੇ ਤੰਦਰੁਸਤ ਪੌਦਿਆਂ ਦੀ ਪਨੀਰੀ ਕਿਵੇਂ ਤਿਆਰ ਕੀਤੀ ਜਾਂਦੀ ਹੈ?
15) ਸੌਂਫ, ਸਿਟਰੋਨੈਲਾ ਅਤੇ ਖੱਸ (ਵਿਟੀਵਰ) ਦੀ ਖੇਤੀ ਲਈ ਕਿਸ ਤਰ੍ਹਾਂ ਦੀ ਭੂਮੀ ਦੀ ਲੋੜ ਹੁੰਦੀ ਹੈ?
16) ਐਲੋਵੀਰਾ ਅਤੇ ਸਟੀਵਿਆ ਦਾ ਨਸਲੀ ਵਾਧਾ ਕਦੋਂ ਅਤੇ ਕਿਵੇਂ ਕੀਤਾ ਜਾਂਦਾ ਹੈ ?
17) ਖੁੰਬਾਂ ਦੀ ਖੇਤੀ ਨੂੰ ਸਫਲ ਬਨਾਉਣ ਲਈ ਕਿਹੜੀਆ ਗੱਲਾਂ ਦਾ ਧਿਆਨ ਰੱਖਣਾ ਜਰੂਰੀ ਹੈ।

### ਭਾਗ-3

18) ਹੇਠ ਲਿਖੇ ਸਿਰਲੇਖਾਂ ਅਨੁਸਾਰ ਹਲਦੀ ਦੀ ਖੇਤੀ ਦਾ ਵਰਨਣ ਕਰੋ :-
ੳ) ਭੂਮੀ ਅ) ਜਲਵਾਯੂ ੲ) ਬੀਜ਼ ਦਰ ਪ੍ਰਤੀ ਏਕੜ ਸ) ਸਿੰਚਾਈ ਹ) ਪੈਦਾਵਰ ਪ੍ਰਤੀ ਏਕੜ

19) ਵਰਮੀਕੰਪੋਸਟ ਤਿਆਰ ਕਰਨ ਦੀ ਵਿਧੀ ਦਾ ਵਨਣ ਕਰੋ। ਇਸ ਖਾਦ ਦੀ ਵਰਤੋਂ ਮਨੁੱਖ ਅਤੇ ਵਾਤਾਵਰਨ ਲਈ ਕਿਵੇਂ ਉਪਯੋਗੀ ਹੈ ?

**MODEL TEST PAPER**
**Trade-Horticulture**
**Commercial Crops (073)**

## ਭਾਗ-1

1) ਜੀਰੇ ਦੀ ਬਿਜਾਈ ਦਾ ਸਮਾਂ ਲਿਖੋ।
2) ਕੋਈ ਦੋ ਬਿਮਾਰੀਆਂ ਦੇ ਨਾਮ ਲਿਖੋ। ਜੋ ਖੁੰਬਾਂ ਦੀ ਫਸਲ ਦਾ ਬਹੁਤ ਜਿਆਦਾ ਨੁਕਸਾਨ ਕਰਦੀਆਂ ਹਨ।
3) ਮਧੂ-ਮੱਖੀਆਂ ਨੂੰ ਪਾਲਣ ਲਈ ਢੁੱਕਵਾਂ ਸਮਾਂ ਕਿਹੜਾ ਹੈ ?
4) ਸਟੀਵਿਆ ਪੌਦੇ ਦਾ ਕਿਹੜਾ ਭਾਗ ਵਰਤੋਂ ਵਿੱਚ ਲਿਆ ਜਾਂਦਾ ਹੈ?
5) ਧਨੀਏ ਦੀ ਖੇਤੀ ਲਈ ਕਿਸ ਤਰ੍ਹਾਂ ਦੀ ਭੂਮੀ ਚਾਹੀਦੀ ਹੈ ?
6) ਰੋਜ਼ਮੈਰੀ ਅਤੇ ਸਿਟਰੋਨੈਲਾ ਦਾ ਕੋਈ ਇੱਕ ਉਪਯੋਗ ਲਿਖੋ।
7) ਕਿਸੇ ਇਕ ਨਦੀਨ ਨਾਸ਼ਕ ਦਾ ਨਾਮ ਲਿਖੋ।
8) ਕਕੂਨ ਕੀ ਹੁੰਦੇ ਹਨ?
9) ਇਸਬਗੋਲ ਕਿਸ ਕੰਮ ਆਉਂਦਾ ਹੈ?
10) ਵਿਟੀਵਰ (ਖੱਸ)ਪੌਦੇ ਦਾ ਕਿਹੜਾ ਭਾਗ ਤੇਲ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਹੈ?

## ਭਾਗ-2

11) ਸੁੰਗਧਤ ਫਸਲਾਂ ਤੋਂ ਕੀ ਭਾਵ ਹੈ? ਭਾਰਤ ਵਿੱਚ ਇਨ੍ਹਾਂ ਫਸਲਾਂ ਦਾ ਕੀ ਭਵਿੱਖ ਹੈ?
12) ਹੇਠ ਲਿਖੀਆਂ ਫਸਲਾਂ ਦੇ ਬਿਜਾਈ ਦਾ ਸਮਾਂ ਅਤੇ ਅਤੇ ਬੀਜ ਦਰ ਪ੍ਰਤੀ ਏਕੜ ਲਿਖੋ :
ੳ) ਇਸਬਗੋਲ ਅ) ਸੌਂਫ ੲ) ਅਦਰਕ
13) ਮਸਾਲਿਆਂ ਦੀ ਮਨੁੱਖੀ ਖੁਰਾਕ ਵਿੱਚ ਮਹੱਤਤਾ ਉੱਤੇ ਸੰਖੇਪ ਨੋਟ ਲਿਖੋ।
14) ਖੁੰਬਾਂ ਦੀ ਖੇਤੀ ਵਿੱਚ ਕੰਪੋਸਟ ਦੀ ਕੀ ਮਹੱਤਤਾ ਹੈ?
15) ਵਰਖਾ ਅਤੇ ਸਰਦੀ ਰੁੱਤ ਵਿੱਚ ਮਧੂ-ਮੱਖੀ ਕਟੁੰਬਾਂ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾਂਦੀ ਹੈ?
16) ਵਰਮੀਕੰਪੋਸਟ ਦੀ ਅੱਜ ਕੱਲ ਜਿਆਦਾ ਵਰਤੋਂ ਕਿਉਂ ਕੀਤੀ ਜਾ ਰਹੀ ਹੈ। ਸੰਖੇਪ ਨੋਟ ਲਿਖੋ।
17) ਸਰਪਗੰਧਾ, ਲੈਮਨ ਘਾਹ ਅਤੇ ਸਟੀਵੀਆ ਦਾ ਨਸਲੀ ਵਾਧਾ ਕਦੋਂ ਅਤੇ ਕਿਵੇਂ ਕੀਤਾ ਜਾਂਦਾ ਹੈ?

## ਭਾਗ-3

18) ਪੰਜਾਬ ਵਿੱਚ ਉਗਾਈਆਂ ਜਾਣ ਵਾਲੀਆਂ ਖੁੰਬਾਂ ਦੀਆਂ ਕਿਸਮਾਂ ਦੇ ਨਾਮ ਲਿਖੋ। ਖੁੰਬਾਂ ਦੀ ਖੇਤੀ ਨੂੰ ਸਫਲ ਬਨਾਉਣ ਲਈ ਕਿਹੜੀਆਂ ਸਾਵਧਾਨੀਆਂ ਜਰੂਰੀ ਹਨ ?
19) ਹੇਠ ਲਿਖੇ ਸਿਰਲੇਖਾਂ ਅਨੁਸਾਰ ਅਦਰਕ ਦੀ ਖੇਤੀ ਦਾ ਵਰਨਣ ਕਰੋ :
ੳ) ਭੂਮੀ, ਅ) ਜਲਵਾਯੂ, ੲ) ਬੀਜ ਦਰ ਪ੍ਰਤੀ ਏਕੜ ਸ) ਸਿੰਚਾਈ ਹ) ਪੈਦਾਵਾਰ ਪ੍ਰਤੀ ਏਕੜ

## MODEL TEST PAPER
## Trade-Horticulture
## Landscaping and Floriculture (074)

### ਭਾਗ-1

1) ਕੈਕਟਸ ਪੌਦਿਆਂ ਤੋਂ ਕੀ ਭਾਵ ਹੈ ?
2) ਗਲੈਡੀਉਲਸ ਅਤੇ ਗੇਂਦਾ ਦਾ ਨਸਲੀ ਵਾਧਾ ਕਿਵੇਂ ਹੁੰਦਾ ਹੈ?
3) ਚਮੇਲੀ ਵਿੱਚ ਫੁੱਲ ਆਉਣ ਦਾ ਸਮਾਂ ਲਿਖੋ।
4) ਕੋਈ ਦੋ ਸਜਾਵਟ ਬੱਲਬੀ ਪੌਦਿਆਂ ਦੇ ਨਾਮ ਲਿਖੋ।
5) ਚੱਟਾਨੀ ਬਗੀਚੇ ਤੋਂ ਕੀ ਭਾਵ ਹੈ ?
6) ਫੁੱਲ ਸੱਜਾ ਤੋਂ ਕੀ ਭਾਵ ਹੈ ?
7) ਕੋਈ ਚਾਰ ਸਜਾਵਟੀ ਦਰੱਖਤਾਂ ਦੇ ਨਾਮ ਲਿਖੋ।
8) ਕੋਈ ਚਾਰ ਸਰਦੀ ਰੁੱਤ ਦੇ ਫੁੱਲਾਂ ਦੇ ਨਾਮ ਲਿਖੋ ।
9) ਕਾਰਨੇਸ਼ਨ ਵਿੱਚ ਵਾਧਾ ਕਰਨ ਦਾ ਢੰਗ ਲਿਖੋ।
10) ਕੋਈ ਦੋ ਰਸਦਾਰ ਪੌਦਿਆਂ ਦੇ ਨਾਮ ਲਿਖੋ।

### ਭਾਗ-2

11) ਲੈਂਡਸਕੇਪਿੰਗ ਤੋਂ ਕੀ ਭਾਵ ਹੈ ? ਬਿਲਡਿੰਗ ਦੀ ਲੈਂਡਸਕੇਪਿੰਗ ਕਰਨ ਦੇ ਕੀ ਉਦੇਸ਼ ਹਨ?
12) ਲਾਅਨ ਕੀ ਹੁੰਦਾ ਹੈ ? ਲਾਅਨ ਦੀ ਸੰਭਾਲ ਜਿਵੇਂ ਭੂਮੀ ਦੀ ਤਿਆਰੀ ਅਤੇ ਘਾਹ ਦੀ ਕਟਾਈ ਦਾ ਵਰਨਣ ਕਰੋ।
13) ਘਰ ਅੰਦਰ ਬਗੀਚਾ ਤੋਂ ਤੁਸੀ ਕੀ ਸਮਝਦੇ ਹੋ? ਘਰ ਅੰਦਰ ਬਗੀਚੇ ਦੀ ਮਹੱਤਤਾ ਦਾ ਸੰਖੇਪ ਵਰਨਣ ਕਰੋ।
14) ਭੂਮੀ, ਜਲਵਾਯੂ ਅਤੇ ਵਾਧਾ ਕਰਨ ਦੇ ਆਾਰ ਤੇ ਰਜਨੀਗੰਧਾ ਦੀ ਖੇਤੀ ਦਾ ਵਰਨਣ ਕਰੋ।
15) ਗਮਲਿਆਂ ਵਾਲੇ ਪੌਦਿਆਂ ਤੋਂ ਕੀ ਭਾਵ ਹੈ? ਬਾਗਬਾਨੀ ਵਿੱਚ ਗਮਲਿਆਂ ਵਾਲੇ ਪੌਦਿਆਂ ਦੀ ਮਹੱਤਤ ਦਾ ਵਰਨਣ ਕਰੋ।
16) ਬਾਗਾਂ ਵਿੱਚ ਨਦੀਨ ਕਿਵੇਂ ਹਾਨੀਕਾਰਕ ਹਨ?
17) ਸਜਾਵਟੀ ਝਾੜੀਆਂ ਤੋਂ ਕੀ ਭਾਵ ਹੈ? ਸਜਾਵਟੀ ਝਾੜੀਆਂ ਦੀ ਕਾਂਟ-ਸ਼ਾਟ ਅਤੇ ਉਪਯੋਗ ਲਿਖੋ।

### ਭਾਗ-3

18) ਗੁਲਾਬ ਦੀ ਖੇਤੀ ਦਾ ਵਰਨਣ ਹੇਠ ਲਿਖੇ ਸਿਰਲੇਖਾਂ ਅਧੀਨ ਕਰੋ :-
ੳ) ਭੂਮੀ, ਅ) ਜਲਵਾਯੂ, ੲ) ਨਸਲੀ ਵਾਧਾ, ਸ) ਖਾਦ, ਹ) ਫੁੱਲਾਂ ਦਾ ਉਪਯੋਗ
19) ਹੇਠ ਲਿਖਿਆਂ ਤੇ ਸੰਖੇਪ ਨੋਟ ਲਿਖੋ :-
ੳ) ਨਰਸਰੀ ਦੇ ਜਰੂਰੀ ਭਾਗ
ਅ) ਬਾਗਾਂ ਦੀਆਂ ਕਿਸਮਾਂ

# MODEL TEST PAPER
## Trade-Horticulture
## Landscaping and Floriculture (074)

### ਭਾਗ-1

1) ਗੁਲਾਬ ਦੇ ਪੋਦਿਆਂ ਵਿੱਚ ਲੱਗਣ ਵਾਲੇ ਹਾਨੀਕਾਰਕ ਕੀੜਿਆਂ ਦੇ ਨਾਮ ਲਿਖੋ।
2) ਡਾਲੀਆਂ ਵਿੱਚ ਫੁੱਲ ਆਉਣ ਦਾ ਸਮਾਂ ਲਿਖੋ।
3) ਕੋਈ ਚਾਰ ਲਾਲ-ਫੁੱਲਾਂ ਵਾਲੀਆਂ ਝਾੜੀਆ ਦੇ ਨਾਮ ਲਿਖੋ।
4) ਫੁੱਲ ਪ੍ਰਦਰਸ਼ਨੀ ਲਗਾਉਣ ਦੇ ਕੋਈ ਦੋ ਲਾਭ ਲਿਖੋ।
5) ਕਿਸੇ ਦੋ ਕੀਟਨਾਸ਼ਕ ਦਵਾਈਆਂ ਦੇ ਨਾਮ ਲਿਖੋ।
6) ਲਾਅਨ ਤੋਂ ਤੁਹਾਡਾ ਕੀ ਭਾਵ ਹੈ?
7) ਕੋਈ ਚਾਰ ਗਰਮੀ ਰੁੱਤ ਦੇ ਫੁੱਲਾਂ ਦੇ ਨਾਮ ਲਿਖੋ।
8) ਭਾਰਤ ਵਿੱਚ ਕੋਈ ਦੋ ਉਪਚਾਰਕ ਬਗੀਚਿਆਂ ਦੇ ਨਾਮ ਲਿਖੋ।
9) ਫਲੋਰੀਕਲਚਰ ਵਿੱਚ ਕਿਸ ਸਬੰਧੀ ਜਾਣਕਾਰੀ ਮਿਲਦੀ ਹੈ?
10) ਗੁਲਦਾਉਦੀ ਦਾ ਨਸਲੀ ਵਾਧਾ ਕਿਵੇਂ ਕੀਤਾ ਜਾਂਦਾ ਹੈ?

### ਭਾਗ-2

11) ਇਕਸਾਰਪੂਰਵਕ ਅਤੇ ਬਗੈਰ ਇਕਸਾਰਤਾਪੂਰਵਕ ਬਗੀਚੇ ਵਿੱਚ ਅੰਤਰ ਸਪੱਸ਼ਟ ਕਰੋ।
12) ਲੈਂਡਸਕੇਪਿੰਗ ਫੁੱਲ ਵਿਗਿਆਨ ਤੋਂ ਕਿਵੇਂ ਵੱਖ ਹੈ? ਲੈਂਡਸਕੇਪਿੰਗ ਦੇ ਮੁੱਖ ਉਦੇਸ਼ਾ ਦਾ ਸੰਖੇਪ ਵਰਨਣ ਕਰੋ।
13) ਗੇਂਦੇ ਦੀ ਖੇਤੀ ਦਾ ਸੰਖੇਪ ਵਰਨਣ ਕਰੋ।
14) ਗਲੈਡੀਉਲਸ ਦੀ ਖੇਤੀ ਲਈ ਜਲਵਾਯੂ, ਉੱਨਤ ਕਿਸਮਾਂ ਅਤੇ ਉਪਜਾਈ ਦਾ ਸਮਾਂ ਲਿਖੋ।
15) ਝਾੜੀਦਾਰ ਪੱਟੀ ਕੀ ਹੁੰਦੀ ਹੈ, ਇਸਦੇ ਸਿਧਾਂਤ ਲਿਖੋ।
16) ਬਾਗਬਾਨੀ ਵਿੱਚ ਗਮਲਿਆਂ ਵਾਲੇ ਪੌਦਿਆਂ ਦੀ ਕੀ ਮਹੱਤਤਾ ਹੈ।
17) ਘਰ ਦੀ ਲੈਂਡਸਕੇਪਿੰਗ ਕਰਨ ਲੱਗੇ ਕਿਹੜੀਆ-2 ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ?

### ਭਾਗ-3

18) ਸਜਾਵਟੀ ਬਗੀਚੇ ਤੋਂ ਕੀ ਭਾਵ ਹੈ? ਇਹ ਕਿੰਨੇ ਪ੍ਰਕਾਰ ਦੇ ਹੁੰਦੇ ਹਨ? ਵਰਨਣ ਕਰੋ।
19) ਚਮੇਲੀ ਦੀ ਖੇਤੀ ਲਈ ਭੂਮੀ ਅਤੇ ਨਸਲੀ ਵਾਧੇ ਦੇ ਢੰਗ ਦਾ ਸੰਖੇਪ ਵਿੱਚ ਵਰਨਣ ਕਰੋ।

# MODEL TEST PAPER
## Trade-Horticulture
## Post Harvest Technology and Preservation (075)

### ਭਾਗ−1

1) ਪੇਨੇਟ੍ਰੋਮੀਟਰ ਕੀ ਹੁੰਦਾ ਹੈ ?
2) ਸੇਬ ਦੀ ਸੰਭਾਲ ਲਈ ਕੋਲਡ ਸਟੋਰੇਜ਼ ਦਾ ਤਾਪਮਾਨ ਕਿੰਨਾ ਹੋਣਾ ਚਾਹੀਦਾ ਹੈ ?
3) ਮਾਰਮਲੇਡ ਤੋਂ ਕੀ ਭਾਵ ਹੈ ?
4) ਪ੍ਰੀ-ਹਾਰਵੈਸਟ ਅਤੇ ਪੋਸਟ-ਹਾਰਵੈਸਟ ਵਿੱਚ ਅੰਤਰ ਲਿਖੋ।
5) ਖਮੀਰ ਕੀ ਹੁੰਦਾ ਹੈ ?
6) ਏਨਜ਼ਾਈਮ ਕੀ ਹੁੰਦੇ ਹਨ ?
7) ਸਾਖੇਪ ਨਮੀ ਤੋਂ ਕੀ ਭਾਵ ਹੈ ?
8) ਸਕਵੈਸ਼ ਅਤੇ ਜੈਲੀ ਵਿੱਚ ਅੰਤਰ ਦੱਸੋ ?
9) ਕਿਸੇ ਇੱਕ ਫਲ ਪਰਿਰੱਖਕ ਦਾ ਨਾਮ ਲਿਖੋ ?
1●) ਰਿਫਰੈਕਟਰੋ ਮੀਟਰ ਕਿਸ ਕੰਮ ਆਉਂਦਾ ਹੈ ?

### ਭਾਗ−2

11) ਫਲਾਂ ਅਤੇ ਸਬਜ਼ੀਆਂ ਦੇ ਸੁਰੱਖਿਅਣ ਉਦਯੋਗ ਦੇ ਵਿਕਾਸ ਦੀਆਂ ਪੰਜਾਬ ਵਿੱਚ ਭਵਿੱਖਅਤ ਸੰਭਾਵਨਾਵਾਂ ਦਾ ਵਰਨਣ ਕਰੋ।
12) ਇਕ ਭੋਜ਼ਨ ਇਕਾਈ ਦੀ ਸਥਾਪਨਾ ਵਿੱਚ ਮਜ਼ਦੂਰਾਂ ਦੀ ਉਪਲੱਬਧਤਾ, ਮਸ਼ੀਨਰੀ ਦੀ ਚੋਣ ਅਤੇ ਪੂੰਜੀ ਦਾ ਕੀ ਯੋਗਦਾਨ ਹੈ ?
13) ਭੰਡਾਰਨ ਤੋਂ ਕੀ ਭਾਵ ਹੈ? ਇਸਦੀਆ ਕਿਸਮਾਂ ਦਾ ਵਰਨਣ ਕਰੋ।
14) ਟਮਾਟਰ ਦੀ ਚਟਣੀ ਬਨਾਉਣ ਦੀ ਵਿਧੀ ਦਾ ਵਰਨਣ ਕਰੋ।
15) ਪੰਜ ਕਿੱਲੋ ਅੰਬ ਦਾ ਆਚਾਰ ਬਨਾਉਣ ਲਈ ਲੋੜੀਂਦੇ ਪਦਾਰਥਾਂ ਦੀ ਮਾਤਰਾ ਬਾਰੇ ਲਿਖੋ। ਇਸਨੂੰ ਬਨਾਉਣ ਦੀ ਵਿਧੀ ਦਾ ਵਰਨਣ ਕਰੋ।
16) ਫਲਾਂ ਦੀ ਤੁੜਾਈ, ਢੋ-ਢੁਆਈ ਅਤੇ ਮਾਰਕੀਟਿੰਗ ਬਾਰੇ ਲਿਖੋ।
17) ਨਿਰਜਲੀਕਰਨ ਤੋਂ ਕੀ ਭਾਵ ਹੈ, ਨਿਰਜਲੀਕਰਨ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

### ਭਾਗ−3

18) 2 ਕਿਲੋਗਰਾਮ ਸੇਬ ਤੋਂ ਜ਼ੈਮ ਬਨਾਉਣ ਲਈ ਲੋੜੀਂਦੀ ਸਮੱਗਰੀ, ਬਨਾਉਣ ਦੀ ਵਿਧੀ ਅਤੇ ਜ਼ੈਮ ਦੇ ਤਿਆਰ ਹੋਣ ਦੇ ਅੰਤਿਮ ਸਥਿਤੀ ਦਾ ਵਰਨਣ ਕਰੋ।

19) ਫਲਾਂ ਅਤੇ ਸਬਜ਼ੀਆਂ ਦੇ ਖਰਾਬ ਹੋਣ ਦੇ ਭੋਤਿਕ ਕਾਰਕਾਂ ਦਾ ਵਰਨਣ ਕਰੋ।

# MODEL TEST PAPER
## Trade-Horticulture
## Post Harvest Technology and Preservation (075)

### ਭਾਗ–1

1) ਖੰਡ ਦੀ ਵਰਤੋਂ ਕਰਕੇ ਫਲਾਂ ਨੂੰ ਖਰਾਬ ਹੋਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ ?
2) ਅੰਬ ਦੀ ਸਾਂਭ–ਸੰਭਾਲ ਲਈ ਕੋਲਡ–ਸਟੋਰੇਜ਼ ਦਾ ਤਾਪਮਾਨ ਕਿੰਨਾ ਹੋਣਾ ਚਾਹੀਦਾ ਹੈ ?
3) ਪ੍ਰੀ–ਹਾਰਵੈਸਟ ਤੋਂ ਕੀ ਭਾਵ ਹੈ ?
4) ਫਲਾਂ ਦੀ ਸੰਭਾਲ ਦਾ ਕੋਈ ਇੱਕ ਉਦੇਸ਼ ਲਿਖੋ।
5) ਬਲਾਚਿੰਗ ਤੋਂ ਤੁਸੀਂ ਕੀ ਸਮਝਦੇ ਹੋ ?
6) ਡੱਬਾਬੰਦੀ ਦੀ ਜਰੂਰਤ ਕਿਉਂ ਪੈਂਦੀ ਹੈ?
7) ਧੁੱਪੇ ਸਕਾਉਣਾ ਨਿਰਜਲੀਕਰਨ ਤੋਂ ਕਿਵੇਂ ਭਿੰਨ ਹੈ ?
8) ਕੋਈ ਦੋ ਫਲ ਪਰਿਰੱਖਕਾਂ ਦੇ ਨਾਮ ਲਿਖੋ।
9) ਫਲਾਂ ਨੂੰ ਤੋੜਨ ਦੇ ਕੋਈ ਦੋ ਢੰਗਾਂ ਦੇ ਨਾਮ ਲਿਖੋ।
10) ਜ਼ੈਮ ਤੋਂ ਕੀ ਭਾਵ ਹੈ ?

### ਭਾਗ–2

11) ਮਟਰ ਦੀ ਡੱਬਾਬੰਦੀ ਬਾਰੇ ਸੰਖੇਪ ਵਿੱਚ ਵਰਨਣ ਕਰੋ।
12) ਬੋਤਲਾਂ ਅਤੇ ਮਰਤਬਾਨਾਂ ਨੂੰ ਜੀਵਾਣੂ ਰਹਿਤ ਕਰਨ ਦੀ ਵਿਧੀ ਦਾ ਵਰਨਣ ਕਰੋ।
13) ਸਬਜ਼ੀਆਂ ਦੇ ਸੁਕਾਉਣ ਤੋਂ ਕੀ ਭਾਵ ਹੈ, ਸਬਜ਼ੀਆਂ ਨੂੰ ਸੁਕਾਉਣ ਦੇ ਢੰਗਾਂ ਦਾ ਵਰਨਣ ਕਰੋ।
14) ਫਲਾਂ ਦੀ ਛਟਾਈ, ਵਰਗੀਕਰਨ ਅਤੇ ਪੈਕਿੰਗ ਦਾ ਵਰਨਣ ਕਰੋ।
15) ਫਲਾਂ ਅਤੇ ਸਬਜੀਆਂ ਦੇ ਪੱਕਣ–ਮਿਆਰ ਤੋਂ ਕੀ ਭਾਵ ਹੈ? ਟਮਾਟਰ, ਤਰਬੂਜ਼ ਅਤੇ ਫੁੱਲ–ਗੋਭੀ ਦੇ ਪੱਕਣ ਦੀਆਂ ਨਿਸ਼ਾਨੀਆਂ ਦੀ ਵਿਆਖਿਆ ਕਰੋ।
16) ਹੇਠ ਲਿਖਿਆ ਦੇ ਸੰਖੇਪ ਨੋਟ ਲਿਖੋ :–
ੳ) ਏਨਜਾਈਮ, ਅ) ਮਾਰਮਲੇਡ, ੲ) ਖਮੀਰ
17) ਇੱਕ ਕਿੱਲੋ ਸੇਬ ਦਾ ਮੁਰੱਬਾ ਤਿਆਰ ਕਰਨ ਲਈ ਲੋੜੀਂਦੇ ਸਮਾਨ ਅਤੇ ਬਨਾਉਣ ਦੀ ਵਿਧੀ ਦਾ ਵਰਨਣ ਕਰੋ।

### ਭਾਗ–3

18) ਫਲ ਅਤੇ ਸਬਜ਼ੀਆਂ ਦੇ ਸੰਭਾਲ ਦੇ ਅਸਥਾਈ ਵਿਧੀਆਂ ਦਾ ਵਰਨਣ ਕਰੋ।
19) ਫਲ ਅਤੇ ਸਬਜ਼ੀਆਂ ਦੀ ਸੰਭਾਲ ਤੋਂ ਕੀ ਭਾਵ ਹੈ? ਇਨ੍ਹਾਂ ਦੀ ਸੰਭਾਲ ਲਈ ਘੱਟ ਤਾਪਮਾਨ, ਜੀਵਾਣੂ ਨਾਸ਼ਕ ਪਦਾਰਥ, ਹਵਾ ਰਹਿਤ ਅਤੇ ਪਾਸਚੁਰੀਕਰਨ ਕਿਸ ਪ੍ਰਕਾਰ ਸਹਾਈ ਹੁੰਦੇ ਹਨ।